# ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ,

(ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ)

<u>ਮੁਸਤਰੀ ਮੁਨਿਆਦੀ</u>

ਨਿਊ ਚੰਡੀਗੜ੍ਹ ਦੇ ਮਾਸਟਰ ਪਲੈਨ ਅਨੁਸਾਰ 200 ਫੁੱਟ ਚੋੜੀ ਵੀ.ਆਰ-5 ਸੜਕ ਜੋ ਕਿ ਪਿੰਡ ਦੇਵੀ ਨਗਰ ਜਿਸਦਾ ਰਕਬਾ (0.9688 ਏਕੜ), ਸਲਾਮਤਪੁਰ ਜਿਸ ਦਾ ਰਕਬਾ (1.6813 ਏਕੜ), ਰਸੂਲਪੁਰ ਜਿਸ ਦਾਂ ਰਕਬਾ (1.2519 ਏਕੜ), ਢੋਡੇ ਮਾਜਰਾ ਜਿਸ ਦਾ ਰਕਬਾ (1.0059 ਏਕੜ) ਅਤੇ ਸੈਣੀ ਮਾਜਰਾ ਜਿਸ ਦਾ ਰਕਬਾ (3.9231 ਏਕੜ) ਕੁੱਲ ਰਕਬਾ 8.8310 ਏਕੜ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਪ੍ਰਾਪਤੀ ਅਧੀਨ ਹੈ, ਦਾ ਅਵਾਰਡ ਮਿਤੀ 15.05.2023 ਨੂੰ ਸਮਾਂ 11 ਵਜੇ ਕਮੇਟੀ ਹਾਲ ਦੂਜੀ ਮੰਜਿਲ, ਪੁੱਡਾ ਭਵਨ, ਸੈਕਟਰ-62, ਐਸ.ਐਸ.ਏ. ਨਗਰ ਵਿਖੇ ਸੁਣਾਇਆ ਜਾਣਾ ਹੈ। ਇਸ ਲਈ ਇਹਨਾਂ ਪਿੰਡਾਂ ਦੇ ਸਬੰਧਤ ਭੌਂ ਮਾਲਕਾਂ/ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਮਿਤੀ ਅਤੇ ਸਮੇਂ ਤੇ ਉਪਰੋਕਤ ਥਾਂ ਤੇ ਅਵਾਰਡ ਸੁਣਾਉਣ ਸਮੇਂ ਹਾਜਰ ਹੋਣ।

ਸਥਾਨ: ਐਸ.ਏ.ਐਸ. ਨਗਰ

ਮਿਤੀ:

ਭੌਂ ਪ੍ਰਾਪਤੀ ਕੁਲੈਕਟਰ

ਪਿ.ਅ.ਨੰ: ਐਮ.ਏ/ਐਲ.ਏ.ਸੀ/2023/ 13335 ਮਿਤੀ: 11/5/23

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਆਮ ਜਨਤਾ ਨੂੰ ਅਵਾਰਡ ਸੁਣਾਏ ਜਾਣ ਸਬੰਧੀ ਸਮਾਂ, ਸਥਾਨ ਅਤੇ ਮਿਤੀ, ਹਾਜਰ ਹੋਣ ਲਈ ਤਹਿਸੀਲਦਾਰ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮੁਸਤਰੀ ਮੁਨੀਆਦੀ ਕਰਵਾਕੇ ਮੁਨਿਆਦੀ ਦੀ ਰਪਟ ਰੋਜਨਾਮਚੇ ਵਿਚ ਦਰਜ ਕਰਨ ਹਿੱਤ ਸਬੰਧਤ ਹਲਕਾ ਕਾਨੂੰਨਗੋ/ਪਟਵਾਰੀ ਪਿੰਡ ਦੇਵੀ ਨਗਰ, ਸਲਾਮਤਪੁਰ, ਰਸੂਲਪੁਰ, ਢੋਡੇ ਮਾਜਰਾ ਅਤੇ ਸੈਣੀ ਮਾਜਰਾ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਪਾਬੰਦ ਕੀਤਾ ਜਾਵੇ।

(2) ਸਰਪੰਚ/ਨੰਬਰਦਾਰ/ਚੌਕੀਦਾਰ ਪਿੰਡ ਦੇਵੀ ਨਗਰ, ਸਲਾਮਤਪੁਰ, ਰਸੂਲਪੁਰ, ਢੋਡੇ ਮਾਜਰਾ ਅਤੇ ਸੈਣੀ ਮਾਜਰਾ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(3) ਸਿਸਟਮ ਮੈਨੇਜਰ ਗਮਾਡਾ/ਪੁੱਡਾ ਆਈ.ਟੀ.ਸੈਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੁਸਤਰੀ ਮੁਨਿਆਦੀ ਦੀ ਜਾਣਕਾਰੀ ਗਮਾਡਾ ਦੇ ਵੈਬਸਾਇਟ ਤੇ ਵੀ ਅਪਲੋਡ ਕੀਤੀ ਜਾਵੇ ਜੀ।

ਭੌਂ ਪ੍ਰਾਪਤੀ ਕੁਲੈਕਟਰ